## ਡਾਇਰੈਕਟਰ ਸਿਖਿਆ ਵਿਭਾਗ (ਸੈ: ਸਿ:) ਪੰਜਾਬ, ਐਸ.ਏ.ਐਸ ਨਗਰ।
## (ਬਜਟ ਸ਼ਾਖਾ)

**ਅਤਿ ਜਰੂਰੀ:**
**Through Website:**

ਵੱਲ:

1. ਸਮੂਹ ਜਿਲਾ ਸਿੱਖਿਆ ਅਫਸਰ(ਸੈ:ਸਿ)
2. ਸਮੂਹ ਸਕੂਲ ਮੁਖੀ / ਡੀ.ਡੀ.ਓਜ਼

ਮੀਮੋ ਨੰ: 11/03-2019 ਬਜਟ (4)/2020 34939-40
ਮਿਤੀ ਐਸ.ਏ.ਐਸ ਨਗਰ: 27-01-2020

ਵਿਸ਼ਾ:- ਸਕੂਲਾਂ ਦੀ ਰਸੀਟ ਸਰਕਾਰੀ ਖਜਾਨੇ ਵਿੱਚ ਜਮਾਂ ਕਰਵਾਉਣ ਸਬੰਧੀ ਦਿਸ਼ਾ ਨਿਰਦੇਸ਼।

xxxxxxxxx

ਉਪਰੋਕਤ ਵਿਸ਼ੇ ਸਬੰਧੀ ਇਹ ਮਹਿਸੂਸ ਕੀਤਾ ਗਿਆ ਕਿ ਸਕੂਲ ਮੁੱਖੀਆਂ ਵੱਲੋਂ ਰਾਸ਼ੀ ਗਲਤ ਰਸੀਟ ਹੈਡ ਵਿੱਚ ਜਮਾਂ ਕਰਵਾਈ ਜਾਂਦੀ ਹੈ ਜੋ ਕਿ ਵਿੱਤੀ ਨਿਯਮਾਂ ਦੀ ਉਲੰਘਣਾ ਹੈ। ਇਸ ਤੋਂ ਇਲਾਵਾ ਇਸ ਦਫਤਰ ਵੱਲੋਂ ਵੱਖ-ਵੱਖ ਤਰਾਂ ਦੀ ਰਸੀਟ ਦਾ ਮੁਲੰਕਣ ਕਰਨ ਵਿੱਚ ਕਠਿਨਾਈ ਪੇਸ਼ ਆਉਂਦੀ ਹੈ। ਰਸੀਟ ਰਾਸ਼ੀ ਨੂੰ ਸਹੀ ਰਸੀਟ ਹੈਡ ਵਿੱਚ ਜਮਾਂ ਕਰਵਾਉਣ ਲਈ ਆਪ ਨੂੰ ਲਿਖਿਆ ਜਾਂਦਾ ਹੈ ਕਿ ਵੱਖ-ਵੱਖ ਤਰਾਂ ਦੀ ਰਸੀਟ ਦੀ ਰਾਸ਼ੀ ਹੇਠ ਦਰਸਾਏ ਅਨੁਸਾਰ ਰਸੀਟ ਹੈਡਾਂ ਵਿੱਚ ਜਮਾਂ ਕਰਵਾਈ ਜਾਵੇ :-

1. **ਰਸੀਟ ਹੈਡ 0202-01-102-01-ਟਿਊਸ਼ਨ ਅਤੇ ਹੋਰ ਫੀਸਾਂ** ਵਿੱਚ ਬਚਿਆਂ ਤੋਂ ਲਈ ਗਈ ਐਡਮੀਸ਼ਨ ਫੀਸ, ਟਿਊਸ਼ਨ ਫੀਸ ਜਾਂ ਕਿਸੇ ਕਿਸਮ ਦਾ ਫਾਈਨ ਲਿਆ ਜਾਂਦਾ ਹੋਵੇ ਤਾਂ ਇਸ ਹੈਡ ਵਿੱਚ ਜਮਾਂ ਕਰਵਾਇਆ ਜਾਵੇ।
2. **ਰਸੀਟ ਹੈਡ 0202-01-102-02-ਟੈਕਸਟ ਬੁੱਕ ਰਸੀਟ** ਵਿੱਚ ਵਿਭਾਗ ਦੇ ਮੁਤਾਬਿਕ ਕੋਈ ਵੀ ਰਸੀਟ ਜਮਾਂ ਨਹੀਂ ਕਰਵਾਈ ਜਾਣੀ ਬਣਦੀ। ਪਰੰਤੂ ਸ਼ਕੂਲ ਮੁੱਖੀ ਅਨੁਸਾਰ ਜੇਕਰ ਕੋਈ ਰਾਸ਼ੀ ਇਸ ਮੱਦ ਨਾਲ ਸਬੰਧਤ ਹੋਵੇ ਅਤੇ ਇਸ ਮੱਦ ਵਿੱਚ ਜਮਾਂ ਕਰਵਾਈ ਜਾਂਦੀ ਹੈ ਤਾਂ ਇਸ ਬਾਰੇ ਵਿਭਾਗ ਨੂੰ ਤੁਰੰਤ ਸੂਚਿਤ ਕੀਤਾ ਜਾਵੇ।
3. **ਰਸੀਟ ਹੈਡ 0202-01-102-03-ਅਦਰ ਰਸੀਟਸ** ਵਿੱਚ ਆਪ ਵੱਲੋਂ ਕੇਵਲ ਕੰਡਮ ਵਸਤਾਂ ਦੀ ਸੇਲ ਤੋਂ ਪ੍ਰਾਪਤ ਰਾਸ਼ੀ, ROP (ਵਾਧੂ ਅਦਾਇਗੀ ਦੀ ਰਿਕਵਰੀ) ਅਤੇ ਹੋਰ ਕਿਸੇ ਕਿਸਮ ਦੀ ਪ੍ਰਾਪਤੀ (ਟਿਊਸ਼ਨ ਫੀਸ, ਹੋਰ ਫੀਸਾਂ, ਜੁਰਮਾਨੇ ਅਤੇ ਟੈਕਸਟ ਬੁੱਕ ਰਸੀਟ ਤੋਂ ਇਲਾਵਾ) ਹੁੰਦੀ ਹੈ ਤਾਂ ਇਸ ਮੱਦ ਵਿੱਚ ਜਮਾਂ ਕਰਵਾਈ ਜਾਵੇ।

ਉਪਰੋਕਤ ਅਨੁਸਾਰ ਸਬੰਧਤ ਮਦਾਂ ਵਿੱਚ ਰਸੀਟ ਜਮਾਂ ਕਰਵਾਕੇ ਹਰ ਮਹੀਨੇ ਦੀ ਮੱਦ ਵਾਈਜ਼ ਪ੍ਰਾਪਤੀ ਅਤੇ ਖਰਚੇ ਸਬੰਧੀ ਰਿਪੋਰਟ (ਬੀ.ਐਮ-26 ਅਤੇ ਬੀ.ਐਮ-29 ਵਿੱਚ) ਅਗਲੇ ਮਹੀਨੇ ਦੀ 10 ਤਰੀਕ ਤੱਕ ਹਰ ਹਾਲਤ ਵਿੱਚ ਭੇਜਣੀ ਯਕੀਨੀ ਬਣਾਈ ਜਾਵੇ।

ਡਾਇਰੈਕਟਰ
ਸਿੱਖਿਆ ਵਿਭਾਗ(ਸੈ:ਸਿ) ਪੰਜਾਬ